ਗੁਰਦਿਆਲ ਸਿੰਘ ਲੱਖਪੁਰ

# ਗੁਰੂ ਅਰਜਨ ਪੁਰਖੁ ਪ੍ਰਮਾਣ

**ਸ਼ਹੀਦਾਂ** ਦੇ ਸਿਰਤਾਜ, ਬਾਣੀ ਦੇ ਬੋਹਿਥ, ਮਾਨਵੀ ਪ੍ਰੇਮ ਦੇ ਅਲੰਬਰਦਾਰ, ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜਨਮ ਚੌਥੇ ਗੁਰੂ ਰਾਮਦਾਸ ਜੀ ਦੇ ਘਰ ਮਾਤਾ ਬੀਬੀ ਭਾਨੀ ਜੀ (ਸਪੁੱਤਰੀ ਤੀਜੇ ਗੁਰੂ ਅਮਰਦਾਸ ਜੀ) ਦੀ ਕੁੱਖੋਂ 15 ਅਪ੍ਰੈਲ 1563 ਈ. ਨੂੰ ਗੋਇੰਦਵਾਲ ਸਾਹਿਬ ਵਿਖੇ ਹੋਇਆ, ਬਚਪਨ ਦੇ ਮੁੱਢਲੇ ਸਾਲ ਆਪ ਜੀ ਨੇ ਆਪਣੇ ਨਾਨਾ ਸ੍ਰੀ ਗੁਰੂ ਅਮਰਦਾਸ ਜੀ ਦੀ ਦੇਖ ਰੇਖ ਹੇਠ ਗੁਜ਼ਾਰਨ ਦੇ ਨਾਲ-ਨਾਲ ਆਪ ਜੀ ਨੇ ਨਾਨਾ ਗੁਰੂ ਤੋਂ ਗੁਰਮੁੱਖੀ ਦੀ ਵਿੱਦਿਆ ਦੀ ਮੁਹਾਰਤ ਹਾਸਲ ਕੀਤੀ, ਦੇਵ ਨਾਗਰੀ ਆਪ ਜੀ ਨੇ ਪਿੰਡ ਦੀ ਧਰਮਸ਼ਾਲਾ ਤੋਂ ਸਿੱਖੀ, ਸੰਸਕ੍ਰਿਤ ਦਾ ਗਿਆਨ ਪੰਡਿਤ ਬੇਣੀ ਜੀ ਕੋਲੋਂ ਪ੍ਰਾਪਤ ਕੀਤਾ, ਗਣਿਤ ਦੀ ਵਿੱਦਿਆ ਮਾਮਾ ਮੋਹਰੀ ਜੀ ਤੋਂ ਅਤੇ ਧਿਆਨ ਲਗਾਉਣ ਦੀ ਵਿਧੀ ਆਪ ਜੀ ਦੇ ਮਾਮਾ ਮੋਹਨ ਜੀ ਨੇ ਸਿਖਾਈ।

ਸੰਨ 1570 ਈ. ਵਿਚ ਤੀਜੇ ਗੁਰੂ ਅਮਰਦਾਸ ਜੀ ਨੇ ਆਪ ਥਾਂ ਪਸੰਦ ਕਰਕੇ ਚੌਥੇ ਗੁਰੂ ਰਾਮਦਾਸ ਜੀ ਨੂੰ ਗੁਰੂ ਕਾ ਚੱਕ ਵਸਾਉਣ ਦਾ ਕੰਮ ਸੌਂਪਿਆਂ ਸੀ, ਉਸ ਸਮੇਂ ਗੁਰੂ ਅਮਰਦਾਸ ਜੀ 91 ਸਾਲ ਦੇ ਹੋ ਚੁੱਕੇ ਸਨ। ਗੁਰੂ ਅਮਰਦਾਸ ਜੀ ਦਾ ਸੱਚਖੰਡ ਵਾਪਸੀ ਦਾ ਸਮਾਂ ਨੇੜੇ ਆਉਣ ਕਰਕੇ ਤੀਜੇ ਗੁਰੂ ਸਾਹਿਬ ਜੀ ਨੂੰ ਸਤੰਬਰ 1574 ਈ. ਨੂੰ ਚੌਥੇ ਗੁਰੂ ਸਾਹਿਬ ਜੀ ਦੀ ਗੁਰਗੱਦੀ ਬਖਸ਼ਿਸ਼ ਕਰਕੇ ਉਸੇ ਦਿਨ ਜੋਤੀ-ਜੋਤ ਸਮਾ ਗਏ। ਉਸ ਵੇਲੇ ਗੁਰੂ ਰਾਮਦਾਸ ਜੀ ਦੀ ਆਯੂ 40 ਸਾਲ ਦੀ ਸੀ। ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਨੇ ਚੌਥੇ ਗੁਰੂ ਸਾਹਿਬ ਜੀ ਨੂੰ ਗੁਰਆਈ



ਦਾ ਤਿਲਕ ਲਗਾਇਆ। ਗੁਰਗੱਦੀ ਤੇ ਬਿਰਾਜਣ ਤੋਂ ਬਾਅਦ, ਸਭ ਤੋਂ ਪਹਿਲੀ ਸੇਵਾ ਜੋ ਗੁਰੂ ਅਮਰਦਾਸ ਜੀ ਦੇ ਹੁਕਮ ਅਨੁਸਾਰ ਸੰਨ 1570 ਈ. ਵਿਚ ਸੰਤੋਖਸਰ (ਅੰਮ੍ਰਿਤਸਰ) ਦੇ ਪਵਿੱਤਰ ਸਰੋਵਰ ਦੀ ਸ਼ੁਰੂ ਹੋਈ ਸੀ ਅਤੇ ਚੌਥੇ ਗੁਰੂ ਰਾਮਦਾਸ ਜੀ ਦੇ ਜਿੰਮੇ ਲੱਗੀ ਸੀ, ਉਸ ਨੂੰ ਸੰਪੂਰਨ ਕਰਨ ਲਈ ਗੁਰੂ ਰਾਮਦਾਸ ਜੀ ਗੋਇੰਦਵਾਲ ਸਾਹਿਬ ਤੋਂ ਆਪਣੇ ਤਿੰਨੋਂ ਪੁੱਤਰਾਂ ਪ੍ਰਿਥੀਚੰਦ, ਮਹਾਂਦੇਵ ਅਤੇ ਗੁਰੂ ਅਰਜਨ ਦੇਵ ਜੀ ਸਮੇਤ ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਨੂੰ ਨਾਲ ਲੈ ਕੇ ਸੰਨ 1574 ਈ. ਵਿਚ ਗੁਰੂ ਕੇ ਚੱਕ ਵਿਖੇ (ਸ੍ਰੀ ਅੰਮ੍ਰਿਤਸਰ ਦਾ ਪਹਿਲਾਂ ਨਾਂ ਗੁਰੂ ਕਾ ਚੱਕ ਸੀ) ਆ ਗਏ, ਜਿਸ ਟਾਹਲੀ ਹੇਠ ਬਿਰਾਜ ਕੇ ਗੁਰੂ ਰਾਮਦਾਸ ਜੀ ਸੰਤੋਖਸਰ ਸਾਹਿਬ ਸੇਵਾ ਕਰਵਾਉਂਦੇ ਸਨ, ਅੱਜਕੱਲ ਉਸ ਜਗ੍ਹਾ ਤੇ ਗੁਰਦੁਆਰਾ ਟਾਹਲੀ ਸਾਹਿਬ ਸੁਸ਼ੋਭਿਤ ਹੈ।

ਆਪ ਜੀ ਨੇ ਗੁਰੂ ਕੇ ਚੱਕ ਦੀਆਂ ਰੌਣਕਾਂ ਵਧਾਉਣ ਵੱਲ ਖਾਸ ਧਿਆਨ ਦਿੰਦਿਆਂ ਹੋਇਆਂ ਦਸਤਾਕਾਰੀ ਅਤੇ ਵਪਾਰ ਲਈ 52 ਕਿਸਮ ਦੇ ਵਪਾਰੀਆਂ ਨੂੰ ਵਪਾਰਕ ਧੰਦਿਆਂ ਲਈ ਸ੍ਰੀ ਅੰਮ੍ਰਿਤਸਰ ਵਿਚ ਥਾਂ ਦਿੱਤੀ। ਉਸ ਤੋਂ ਬਾਅਦ ਸ੍ਰੀ ਹਰਿਮੰਦਿਰ ਸਾਹਿਬ ਦੀ ਉਸਾਰੀ ਲਈ ਗੁਰੂ ਰਾਮਦਾਸ ਜੀ ਨੇ ਇਹ ਗੁਰੂ ਕੇ ਚੱਕ ਵਿਖੇ ਹੀ 500 ਵਿਘੇ ਜ਼ਮੀਨ ਗੁਰੂ ਤੁੰਗ ਪਿੰਡ (ਜੋ ਸ੍ਰੀ ਦਰਬਾਰ ਸਾਹਿਬ ਤੋਂ ਤਿੰਨ ਕੁ ਕਿਲੋਮੀਟਰ ਤੇ ਸਥਿਤ ਹੈ) ਦੇ ਜਿੰਮੀਦਾਰ ਤੋਂ 700 ਅਕਬਰੀ ਮੋਹਰਾਂ ਦੇ ਬਦਲੇ ਸੰਨ 1577 ਵਿਚ ਖਰੀਦੀ ਸੀ। ਇਸੇ ਸਾਲ ਹੀ ਗੁਰੂ ਰਾਮਦਾਸ ਜੀ ਨੇ ਦੁੱਖ ਭੰਜਨੀ ਬੇਰੀ ਵਾਲੇਂ ਥਾਂ 17 ਫੁੱਟ ਡੂੰਘਾਈ ਵਾਲੇ ਸਰੋਵਰ ਦੀ ਖੁਦਵਾਈ ਕਰਵਾਈ, ਜੋ ਹੁਣ ਗੁਰ ਕੇ ਚੱਕ ਤੋਂ ਬਦਲ ਕੇ ਚੱਕ ਰਾਮਦਾਸ ਜੀ ਦੇ ਨਾਂਮ ਨਾਲ ਜਾਣਿਆਂ ਜਾਣ ਲੱਗਾ।

ਸਰੋਵਰ ਦੀ ਖੁਦਵਾਈ ਕਰਵਾਉਣ ਤੋਂ ਬਾਅਦ ਸੰਨ 1581 ਈ. ਵਿਚ ਸ੍ਰੀ ਹਰਿਮੰਦਰ ਸਾਹਿਬ ਅਤੇ ਅੰਮ੍ਰਿਤ ਸਰੋਵਰ ਪੱਕਿਆਂ ਕਰਨ ਦੀ ਅਗਲੀ ਸੇਵਾ ਦਾ ਕਾਰਜ ਗੁਰੂ ਨਾਨਕ ਦੀ ਪੰਜਵੀਂ ਜੋਤ ਗੁਰੂ ਸਾਹਿਬ ਨੇ ਆਪਣੇ ਛੋਟੇ ਪੁੱਤਰ ਗੁਰੂ ਅਰਜਨ ਦੇਵ ਜੀ ਨੂੰ ਹਰ ਤਰਾਂ ਕਾਬਿਲ ਜਾਣ ਕੇ ਸੌਂਪੀ, 7 ਸਾਲ ਗੁਰਿਆਈ ਕਰਨ ਉਪਰੰਤ 47 ਸਾਲ ਦੀ ਆਯੂ ਵਿਚ ਗੁਰੂ ਰਾਮਦਾਸ ਜੀ ਗੋਇੰਦਵਾਲ ਵਿਖੇ 1 ਸਤੰਬਰ 1581 ਨੂੰ ਜੋਤੀ ਜੋਤ ਸਮਾ ਗਏ, ਉਸ ਵੇਲੇ ਗੁਰੂ ਅਰਜਨ ਦੇਵ ਜੀ ਦੀ ਆਯੂ 18 ਸਾਲ ਦੀ ਸੀ।

ਦਸਤਾਰ ਬੰਦੀ ਤੋਂ ਬਾਅਦ ਆਪ ਜੀ ਉਸੇ ਸਾਲ ਅਕਤੂਬਰ ਮਹੀਨੇ ਸ੍ਰੀ ਅੰਮ੍ਰਿਤਸਰ ਆ ਗਏ ਸਨ, ਗੁਰਗੱਦੀ ਤੇ ਬਿਰਾਜਮਾਨ ਹੋ ਕੇ ਆਪ ਜੀ ਨੇ ਧਰਮ ਪ੍ਰਚਾਰ ਦੇ ਨਾਲ ਗੁਰੂ ਰਾਮਦਾਸ ਜੀ ਦੁਆਰਾ ਆਰੰਭੇ ਗਏ ਕਾਰਜਾਂ ਨੂੰ ਨੇਪਰੇ ਚਾੜਨਾ ਸ਼ੁਰੂ ਕੀਤਾ, ਬਾਬਾ ਬੁੱਢਾ ਜੀ, ਭਾਈ ਸਾਲ੍ਹੋ ਜੀ, ਭਾਈ ਬਿਧੀ ਚੰਦ ਜੀ ਇਸ ਸੇਵਾ ਲਈ ਸੰਗਤ ਦੇ ਜਥੇਦਾਰ ਥਾਪੇ ਗਏ, ਗੁਰੂ ਸਾਹਿਬ ਜੀ ਅਤੇ ਸ੍ਰੀ ਅੰਮ੍ਰਿਤਸਰ ਦੇ ਦਰਸ਼ਨਾਂ ਹਿੱਤ ਆਗਰੇ ਤੋਂ ਚੱਲ ਕੇ ਭਾਈ ਗੁਰਦਾਸ ਜੀ ਸੰਨ 1583 ਈ. ਦੇ ਆਰੰਭ ਵਿਚ ਸ੍ਰੀ ਅੰਮ੍ਰਿਤਸਰ ਵਿੱਖੇ ਪੰਜਵੇਂ ਗੁਰੂ ਸਾਹਿਬ ਨੂੰ ਮਿਲੇ, ਸੰਨ 1586 ਈ. ਵਿਚ ਗੁਰਦੁਆਰਾ ਸੰਤੋਖਸਰ ਸਾਹਿਬ ਦੀ ਚੱਲ ਰਹੀ ਸੇਵਾ ਵਿਚ ਅਹਿਮ ਯੋਗਦਾਨ ਪਾਇਆ, ਸਿੱਖੀ ਨੂੰ ਮਜ਼ਬੂਤ ਕਰਨ ਲਈ ਗੁਰੂ ਅਰਜਨ ਦੇਵ ਜੀ ਨੇ 3 ਜਨਵਰੀ 1588 ਨੂੰ (ਮਾਘੀ ਵਾਲੇ ਦਿਨ) ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਪਵਿੱਤਰ ਨੀਂਹ ਰੱਖਣ ਦਾ ਮਹੱਤਵ ਪੂਰਨ ਕਾਰਜ ਇਕ ਮੁਸਲਮਾਨ ਦਰਵੇਸ਼ ਫਕੀਰ ਸਾਂਈ ਮੀਆਂ ਮੀਰ (ਪੂਰਾ ਨਾਂਮ ਮੁਅਈਨ-ਉਲ-ਅਸਲਾਮ) ਤੋਂ ਕਰਵਾਇਆ, ਗੁਰੂ ਸਾਹਿਬ ਜੀ ਨੇ ਚੌਹਾਂ ਵਰਨਾਂ ਅਤੇ ਹਰੇਕ ਮਜ਼ਬ ਤੇ ਦਿਸ਼ਾਵਾਂ ਤੋਂ ਆਉਣ ਵਾਲੇ ਸ਼ਰਧਾਲੂਆਂ ਲਈ ਜਾਤ-ਪਾਤ ਜਾਂ ਧਰਮ ਵਿਤਕਰੇ ਤੋਂ ਬਗੈਰ ਹਰਿਮੰਦਰ ਸਾਹਿਬ ਦੇ ਚਾਰੇ ਪਾਸੇ ਦਰਵਾਜੇ ਰੱਖਣ ਦਾ ਸਬੂਤ ਦਿੱਤਾ ਕਿ ਗੁਰੂ ਨਾਨਕ ਦਾ ਦਰ ਹਰੇਕ ਪ੍ਰਾਣੀ ਲਈ ਹਮੇਸ਼ਾ ਖੁੱਲਾ ਹੈ।

ਪੰਜਵੇਂ ਪਾਤਸ਼ਾਹ ਦਾ ਜਨਮ ਗੁਰੂ ਰਾਮਦਾਸ ਜੀ ਦੇ ਘਰ ਮਾਤਾ ਭਾਨੀ ਜੀ ਦੀ ਕੁੱਖੋਂ ਸ੍ਰੀ ਗੋਇੰਦਵਾਲ ਸਾਹਿਬ (ਜ਼ਿਲਾ ਅੰਮ੍ਰਿਤਸਰ) ਵਿਖੇ 15 ਅਪ੍ਰੈਲ ਸੰਨ 1563 ਈ. ਵਿਚ ਹੋਇਆ ਸੀ, ਗੁਰੂ ਅਰਜਨ ਦੇਵ ਦੀ ਆਯੂ ਦੇ ਪਹਿਲੇ 11 ਸਾਲ ਆਪਣੇ ਨਾਨਾ ਗੁਰੂ ਅਮਰਦਾਸ ਜੀ ਦੀ ਗੋਦ ਦਾ ਨਿੱਘ ਮਾਣਦਿਆਂ ਬਤੀਤ ਹੋਏ ਸਨ, ਨਾਨੇ ਦੋਹਤੇ ਦੇ ਆਪਸੀ ਪਿਆਰ ਦੀਆਂ ਪੁਲਾਗਾਂ ਸਦਕਾ ਗੁਰੂ ਅਰਜਨ ਦੇਵ ਵਿਚ ਆਤਮਿਕ ਉੱਚਤਾ ਅਤੇ ਹੋਣਹਾਰਤਾ ਵਾਲੇ ਉਹ ਸਾਰੇ ਗੁਣ ਨਾਨੇ ਨੇ ਦੋਹਤੇ ਅੰਦਰ ਭਾਂਪ ਲਏ ਸਨ, ਇਨਾਂ ਗੁਣਾਂ ਸਦਕਾ 11 ਸਾਲ ਗੁਰੂ ਅਰਜਨ ਦੇਵ ਜੀ ਨੂੰ ਨਾਨਾ ਗੁਰੂ ਤੋਂ ਗੁਰਮਤਿ ਦਾ ਗਿਆਨ ਪ੍ਰਾਪਤ ਹੁੰਦਾ ਰਿਹਾ ਧਰਮ ਅਤੇ ਗੁਰਬਾਣੀ ਪ੍ਰਤੀ ਪਿਆਰ ਅਤੇ ਕਾਬਲੀਅਤ ਵਲ ਦੇਖਦੇ ਹੋਏ ਹੀ ਨਾਨਾ ਗੁਰੂ ਨੇ ***ਦੋਹਿਤਾ ਬਾਣੀ ਕਾ ਬੋਹਿਥਾ,*** ਅਤੇ ***ਵੱਡਾ ਪੁਰਖ ਹੈ ਭਾਰੀ*** ਸ਼ਬਦਾਂ ਨਾਲ ਨਿਵਾਜਿਆ ਸੀ।

16 ਸਾਲ ਦੀ ਆਯੂ ਵਿਚ ਗੁਰੂ ਅਰਜਨ ਦੇਵ ਜੀ ਦੀ ਸ਼ਾਦੀ 23 ਹਾੜ ਸੰਮਤ 1636 ਅਤੇ ਸੰਨ 1579 ਈ. ਵਿਚ ਮੌ ਪਿੰਡ (ਤਹਿਸੀਲ ਫਿਲੌਰ) ਦੇ ਵਸਨੀਕ ਸ੍ਰੀ ਕਿਸ਼ਨ ਚੰਦ ਦੀ ਸਪੁੱਤਰੀ ਗੰਗਾ ਜੀ ਨਾਲ ਹੋਈ, ਜਿੰਨਾਂ ਦੀ ਕੁੱਖੋਂ ਆਪ ਜੀ ਦੇ ਇਕਲੌਤੇ ਸਪੁੱਤਰ ਮੀਰੀ-ਪੀਰੀ ਦੇ ਮਾਲਕ ਸ੍ਰੀ ਹਰਿਗੋਬਿੰਦ ਸਾਹਿਬ ਜੀ ਦਾ 14 ਜੂਨ ਸੰਨ 1595 ਈ. ਵਿਚ ਗੁਰੂ ਕੀ ਵਡਾਲੀ, ਜ਼ਿਲਾ ਅੰਮ੍ਰਿਤਸਰ ਜਨਮ ਹੋਇਆ।

ਦੁਖ ਭੰਜਨੀ ਵਾਲੇ ਸਰੋਵਰ ਦੀ ਜੋ ਸੇਵਾ ਚੌਥੇ ਗੁਰੂ ਰਾਮਦਾਸ ਜੀ ਨੇ ਸੰਨ 1577 ਵਿਚ ਆਰੰਭੀ ਸੀ, ਉਸ ਅੰਮ੍ਰਿਤ ਸਰੋਵਰ ਨੂੰ ਪੱਕਿਆਂ ਕਰਨ ਦੀ ਸੇਵਾ ਪੰਜਵੇ ਗੁਰੂ ਸਾਹਿਬ ਜੀ ਨੇ ਸੰਨ 1586 ਵਿਚ ਕਾਰ ਸੇਵਾ ਦੇ ਮੋਢੀ ਬਾਬਾ ਬੁੱਢਾ ਜੀ ਦੀ ਦੇਖ-ਰੇਖ ਵਿਚ ਸ਼ੁਰੂ ਕਰਵਾਈ ਅਤੇ ਸੰਨ 1588 ਵਿਚ ਸੰਪੂਰਨ ਕਰਵਾਇਆ ਅਤੇ ਇਸ ਸਰੋਵਰ ਦਾ ਨਾਂਮ ਆਪਣੀ ਦੂਰ ਅੰਦੇਸ਼ੀ ਨਾਲ ਅੰਮ੍ਰਿਤ ਸਰੋਵਰ ਰੱਖਿਆ ਜਿਸ ਤੋਂ ਇਸ ਪਵਿੱਤਰ ਨਗਰੀ ਦਾ ਨਾਂਮ ਚੱਕ ਰਾਮਦਾਸ ਤੋਂ ਸ੍ਰੀ ਅੰਮ੍ਰਿਤਸਰ ਪ੍ਰਸਿੱਧ ਹੋ ਗਿਆ।

ਸੰਨ 1590 ਤੱਕ ਗੁਰੂ ਅਰਜਨ ਦੇਵ ਜੀ ਸ੍ਰੀ ਹਰਿਮੰਦਰ ਸਾਹਿਬ ਦੀ ਸੇਵਾ ਵਿਚ ਰੁੱਝੇ ਰਹੇ, ਅਤੇ ਇਸੇ ਸਾਲ ਹੀ 15 ਅਪ੍ਰੈਲ ਵਾਲੇ ਦਿਨ ਗੁਰੂ ਸਾਹਿਬ ਜੀ ਨੇ ਬਾਬਾ ਬੁੱਢਾ ਸਾਹਿਬ ਜੀ ਦੇ ਅਰਦਾਸਾ ਸੋਧਣ ਉਪਰੰਤ ਸ੍ਰੀ ਤਰਨ-ਤਾਰਨ ਸਾਹਿਬ ਦੇ ਸਰੋਵਰ ਦੀ ਨੀਂਹ ਰੱਖੀ, ਜਿਹਾ ਕਿ ਸਿੱਖੀ ਦੇ ਅਸੂਲ ਹਨ- ਆਪ ਤਰਨਾ ਅਤੇ ਦੂਜਿਆਂ ਨੂੰ ਤਾਰਨਾ- ਗੁਰੂ ਸਾਹਿਬ ਜੀ ਦਾ ਮਨੋਰਥ ਪ੍ਰਥਮ ਗੁਰੂ ਨਾਨਕ ਸਾਹਿਬ ਦੀ ਸਿੱਖੀ ਨੂੰ ਪ੍ਰਫੁਲਤ ਕਰਨਾ ਸੀ, ਖਾਸ ਕਰਕੇ ਤਰਨ-ਤਾਰਨ ਦੇ ਇਲਾਕੇ ਦੇ ਹਾਕਮ ਨੂਰਦੀਨ ਅਤੇ ਉਸਦੇ ਪੁੱਤਰ ਅਮੀਰਦੀਨ ਅਤੇ ਸਖੀ ਸਰਵਰਾਂ ਦੇ ਵਧ ਰਹੇ ਮੁਸਲਮਾਨੀ ਪ੍ਰਭਾਵ ਅਤੇ ਪ੍ਰਚਾਰ ਨੂੰ ਵਧਣ ਤੋਂ ਰੋਕਣਾ ਸੀ, ਇਸ ਆਸ਼ੇ ਤਹਿਤ ਆਪ ਜੀ ਖੁਦ ਸਿੱਖੀ ਦੇ ਪ੍ਰਚਾਰ

ਹਿੱਤ ਤਰਨ-ਤਾਰਨ, ਖਡੂਰ ਸਾਹਿਬ, ਸਰਹਾਲੀ ਆਦਿਕ ਵੱਖ ਵੱਖ ਇਲਾਕਿਆਂ ਵਿਚ ਗਏ, ਸੇਵਾ ਨੂੰ ਮੁੱਖ ਰੱਖ ਕੇ ਆਪ ਜੀ ਨੇ ਤਰਨ-ਤਾਰਨ ਦੇ ਕੋਹੜਿਆਂ ਲਈ ਕੋਹੜੀ ਘਰ ਬਣਵਾਇਆ, ਅਤੇ ਆਪਣੀ ਰਹਿਮਤ ਸਦਕਾ ਤਰਨ-ਤਾਰਨ ਦੇ ਸਰੋਵਰ ਦੇ ਜਲ ਨੂੰ ਅੰਮ੍ਰਿਤ ਰੂਪ ਵਿਚ ਪ੍ਰਵਿਰਤ ਕੀਤਾ, ਜਿਸ ਸਦਕਾ ਕੋਹੜਿਆਂ ਦਾ ਕੋਹੜ ਹਮੇਸ਼ਾ ਲਈ ਦੂਰ ਹੋ ਗਿਆ, ਉਦੋਂ ਤੋਂ ਲੈ ਕੇ ਅੱਜ ਤੱਕ ਸ੍ਰੀ ਤਰਨ-ਤਾਰਨ ਸਾਹਿਬ ਵਿਚ ਕਦੀ ਕੋਈ ਕੋਹੜੀ ਨਜ਼ਰੀ ਨਹੀਂ ਪਿਆ।

ਸੰਨ 1593 ਈ. ਵਿਚ ਆਪ ਜੀ ਨੇ ਜਲੰਧਰ (ਦੁਆਬੇ) ਵਿਚ ਧਰਮ ਪ੍ਰਚਾਰ ਹਿੱਤ ਕਰਤਾਰਪੁਰ ਨਗਰ ਵਸਾਇਆ, ਅਤੇ ਉਥੇ ਮਾਤਾ ਗੰਗਾ ਜੀ ਦੇ ਨਾਮ ਤੇ ਖੂਹ ਲਗਵਾਇਆ, ਸੰਨ 1594 ਈ. ਵਿਚ ਆਪ ਜੀ ਨੇ ਗੁਰੂ ਕੀ ਵਡਾਲੀ ਨੂੰ ਧਰਮ ਪ੍ਰਚਾਰ ਦਾ ਪੱਕਾ ਟਿਕਾਣਾ ਬਣਾਇਆ, ਇਹਨਾਂ ਦਿਨਾਂ ਵਿਚ ਸੋਕਾ ਪੈ ਜਾਣ ਕਰਕੇ ਅਤੇ ਜਨਤਾ ਦੀ ਜ਼ਰੂਰਤ ਨੂੰ ਮੁੱਖ ਰੱਖਕੇ ਆਪ ਜੀ ਨੇ ਦੋ ਹਰਟੇ, ਚੁਹਰਟੇ ਖੂਹ ਲਗਵਾਏ, ਸੰਨ 1597 ਵਿਚ ਗੁਰੂ ਕੀ ਵਡਾਲੀ ਦੇ ਚਾਰ ਕੋਹ ਪੱਛਮ ਵੱਲ ਛੇ-ਹਰਟਾ ਖੂਹ (ਜਿਥੇ ਗੁਰਦੁਆਰਾ ਸਾਹਿਬ) ਹੈ ਲਗਵਾਇਆ ਸੀ ਅਤੇ ਇਸੇ ਸਾਲ ਹੀ ਗੁਰਦਾਸਪੁਰ ਜ਼ਿਲੇ ਵਿਚ ਸ੍ਰੀ ਹਰਿਗੋਬਿੰਦਪੁਰ ਨਾਂਮ ਦਾ ਨਗਰ ਵਸਾਇਆ, ਸੰਨ 1597 ਵਿਚ ਲਾਹੌਰ ਵਿਚ ਭੁੱਖਮਰੀ ਅਤੇ ਕਾਲ ਪੈ ਜਾਣ ਕਰਕੇ ਆਪ ਜੀ ਨੇ ਲਾਹੌਰ ਜਾ ਕੇ ਲੰਗਰ ਦੀ ਸੇਵਾ ਦੇ ਨਾਲ-ਨਾਲ ਨਿਥਾਵਿਆਂ ਦੇ ਥਾਂ ਲਈ ਲਾਹੌਰ ਦੀ ਚੂਨਾਂ ਮੰਡੀ ਵਿਚ ਵਿਸ਼ਾਲ ਇਮਾਰਤ ਅਤੇ ਪਾਣੀ ਦੀ ਘਾਟ ਨੂੰ ਪੂਰਾ ਕਰਨ ਲਈ ਡੱਬੀ ਬਾਜ਼ਾਰ ਬਾਉਲੀ ਤਿਆਰ ਕਰਵਾਈ।

ਸੰਨ 1599 ਵਿਚ ਲੋਕਾਈ ਨੂੰ ਇਹ ਸਮਝਾਉਣ ਲਈ ਕਿ ਗੁਰੂ ਨਾਨਕ ਦੇ ਦਰਬਾਰ ਵਿਚ ਵਹਿਮਾਂ ਭਰਮਾਂ ਨੂੰ ਕੋਈ ਥਾਂ ਨਹੀਂ ਦੇ ਕੋਹੜ ਨੂੰ ਦੂਰ ਕਰਨ ਲਈ ਆਪ ਜੀ ਜ਼ਿਲਾ ਗੁਰਦਾਸਪੁਰ ਵਿਚ ਪ੍ਰਚਾਰਕ ਦੌਰੇ ਤੇ ਡੇਰਾ ਬਾਬਾ ਨਾਨਕ, ਕਰਤਾਰਪੁਰ (ਰਾਵੀ ਵਾਲੇ) ਕਲਾਨੌਰ ਆਦਿਕ ਦੇ ਇਲਾਕਿਆਂ ਤੋਂ ਹੁੰਦੇ ਹੋਏ ਬਾਰਠ ਪਿੰਡ ਵਿਖੇ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ ਅਤੇ ਉਦਾਸੀ ਮੱਤ ਦੇ ਪ੍ਰਚਾਰਕ ਬਾਬਾ ਸ੍ਰੀ ਚੰਦ ਜੀ ਨੂੰ ਮਿਲੇ, ਇਸ ਇਕ ਸਾਲ ਦੇ ਪ੍ਰਚਾਰ ਦੌਰੇ ਤੋਂ ਬਾਅਦ ਆਪ ਜੀ ਵਾਪਸ ਅੰਮ੍ਰਿਤਸਰ ਆ ਗਏ।

ਗੁਰੂ ਸਾਹਿਬ ਜੀ ਨੇ ਆਪਣੇ ਗੁਰਗੱਦੀ ਕਾਲ ਦੌਰਾਨ ਸਭ ਤੋਂ ਮਹਾਨ ਕਾਰਜ ਇਲਾਹੀ ਬਾਣੀ ਰਚਣ ਅਤੇ ਪਹਿਲੇ ਚਾਰ ਗੁਰੂ ਸਾਹਿਬਾਂ ਦੀ ਬਾਣੀ, ਸੰਤਾ, ਭਗਤਾਂ ਦੀ ਬਾਣੀ ਨੂੰ ਇਕੱਤਰ ਕਰਕੇ ਸਿੱਖ ਕੌਮ ਨੂੰ ਗੁਰੂ ਸਰੂਪ ਹੋ ਕੇ ਅਗਵਾਈ ਕਰਨ ਵਾਲੇ ***ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*** ਦਾ ਪ੍ਰਕਾਸ਼ ਕਰਨ ਦਾ ਕੀਤਾ, ਕਿਉਂਕਿ ਗੁਰੂ ਸਾਹਿਬ ਜੀ ਇਹ ਜਾਣਦੇ ਸਨ ਕਿ ਜੇਕਰ ਬਾਣੀ ਨੂੰ ਇਕੱਤਰ ਕਰਕੇ ਪਵਿੱਤਰ ਗ੍ਰੰਥ ਦਾ ਰੂਪ ਨਾ ਦਿੱਤਾ ਗਿਆ ਤਾਂ ਬਾਣੀ ਵਿਚ ਮਿਲਾਵਟ ਹੋ ਜਾਵੇਗੀ, ਅਤੇ ਸਿੱਖ ਅਸਲ ਬਾਣੀ ਤੋਂ ਵਾਂਝੇ ਹੋ ਜਾਣਗੇ, ਇਸ ਮਹਾਨ ਕਾਰਜ ਲਈ ਆਪ ਜੀ ਨੇ ਰਾਮਸਰ ਦੀ ਇਕਾਂਤ ਵਸ (ਸ੍ਰੀ ਅੰਮ੍ਰਿਤਸਰ) ਵਾਲੀ ਰਮਣੀਕ ਅਤੇ ਸੁੰਦਰ ਥਾਂ ਨੂੰ ਪਸੰਦ ਕੀਤਾ ਆਪ ਜੀ ਨੇ ਇਹ ਸੇਵਾ ਸੰਨ 1601 ਤੋਂ ਲੈ ਕੇ ਅਗਸਤ 1604 ਦੇ ਲੰਮੇ ਅਰਸੇ ਦੌਰਾਨ ਸੰਪੂਰਨ ਕੀਤੀ ਜਿਸ ਵਿਚ ਆਪ ਜੀ ਨੇ 36 ਮਹਾਂਪੁਰਸ਼ਾਂ ਦੀ ਬਾਣੀ 31 ਰਾਗਾਂ ਵਿਚ ਅੰਕਿਤ ਕੀਤੀ, ਇਸ ਪਵਿੱਤਰ ਗ੍ਰੰਥ ਵਿਚ 4840 ਸ਼ਬਦ ਪਹਿਲੇ ਪੰਜ ਗੁਰੂ ਸਾਹਿਬਾਨ ਦੇ ਹਨ ਜਿੰਨਾਂ ਵਿਚੋਂ 2218 ਸ਼ਬਦ ਗੁਰੂ ਅਰਜਨ ਦੇਵ ਜੀ ਦੁਆਰਾ ਰਚੀ ਗਈ ਬਾਣੀ ਦੇ ਹਨ, 15 ਭਗਤ ਸਾਹਿਬਾਨ ਦੀ ਬਾਣੀ ਦੇ 778 ਸ਼ਬਦ, 11 ਭੱਟ ਸਾਹਿਬਾਨ ਦੀ ਬਾਣੀ ਦੇ 123 ਸ਼ਬਦ ਅਤੇ 4 ਸਿੱਖ ਭਗਤ ਸਾਹਿਬਾਨ ਦੀ ਬਾਣੀ ਦੇ 17 ਸ਼ਬਦ ਦਰਜ ਹਨ, ਇਸ ਮਹਾਨ ਸੇਵਾ ਲਈ ਭਾਈ ਗੁਰਦਾਸ ਜੀ ਨੇ ਆਪਣੀ ਪਵਿੱਤਰ ਕਲਮ ਦੀ ਲੇਖਣੀ ਦੁਆਰਾ ਅਹਿਮ ਯੋਗਦਾਨ ਪਾਇਆ, ਭਾਈ ਬੰਨੋ ਜੀ ਨੇ ਲਾਹੌਰੋਂ ਜਿਲਦ ਸਾਜ ਕਰਵਾਈ ਅਤੇ 30 ਅਗਸਤ 1604 ਈ. ਨੂੰ ਇਸ ਇਲਾਹੀ ਗ੍ਰੰਥ ਦਾ ਪ੍ਰਥਮ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਅੰਦਰ ਕੀਤਾ ਗਿਆ, ਇਸ ਸੇਵਾ ਲਈ ਬਾਬਾ ਬੁੱਢਾ ਜੀ ਨੇ ਪ੍ਰਥਮ ਹੈੱਡ ਗ੍ਰੰਥੀ ਦੇ ਤੌਰ ਤੇ ਇਸਦਾ ਹੁਕਮਨਾਮਾ ਲਿਆ। ਇਸੇ ਰਾਮਸਰ ਵਾਲੀ ਥਾਂ ਤੇ ਆਪ ਜੀ ਨੇ ਸੰਨ 1603 ਈ. ਵਿਚ ਪਵਿੱਤਰ ਸਰੋਵਰ ਤਿਆਰ ਕਰਵਾਇਆ ਇਸ ਸਰੋਵਰ ਦੇ ਕਿਨਾਰੇ ਬਿਰਾਜ ਕੇ ਆਪ ਜੀ ਨੇ ***ਸੁਖਮਨੀ ਸਾਹਿਬ*** ਦੀ ਰਚਨਾ ਕੀਤੀ।

***ਗੁਰੂ ਗ੍ਰੰਥ ਸਾਹਿਬ*** ਦੀਆਂ ਅਟੱਲ ਸਚਾਈਆਂ ਅਤੇ ਅਦੁੱਤੀ ਉਪਦੇਸ਼ਾਂ ਦਾ ਅਸਰ ਮੁਸਲਮਾਨ ਉਲਮਾਵਾਂ ਅਤੇ ਕਾਜੀਆਂ ਨੇ ਵੀ ਕਬੂਲਿਆ, ਇਸ ਲਈ ਮੁਸਲਮ ਧਰਮ ਦੇ ਪੈਰੋਕਾਰ ਅਤੇ ਕੱਟੜ ਪੰਥੀ ਮੁਸਲਮ ਆਪਣੇ ਧਰਮ ਦੇ ਬਰਾਬਰ ਚੜ੍ਹਦੀ ਕਲਾ ਵਾਲੇ ਸਿੱਖ ਧਰਮ ਨੂੰ ਕਿਵੇਂ ਬਰਦਾਸ਼ਤ ਕਰਦੇ, ਇਸ ਵਿਰੋਧ ਵਿਚ ਜਦੋਂ ਅਕਬਰ ਦਾ ਪੁੱਤਰ ਜਹਾਂਗੀਰ ਤਖ਼ਤ ਤੇ ਬੈਠਾ ਤਾਂ ਵਿਰੋਧੀਆਂ ਗੁਰੂ ਸਾਹਿਬ ਜੀ ਵਿਰੁੱਧ ਉਸ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ, ਗੁਰੂ ਘਰ ਪ੍ਰਤੀ ਈਰਖਾਲੂ ਤਾਂ ਉਹ ਪਹਿਲਾਂ ਹੈ ਸੀ, ਪਰ ਇਸ ਵਿਰੋਧ ਵਿਚ ਚੰਦੂ ਬ੍ਰਾਹਮਣ ਦੀ ਈਰਖਾ ਨੇ ਵੀ ਚੋਖਾ ਹਿੱਸਾ ਪਾਇਆ, ਕਿਉਂਕਿ ਗੁਰੂ ਅਰਜਨ ਦੇਵ ਜੀ ਨੇ ਆਪਣੇ ਇਕਲੌਤੇ ਸਪੁੱਤਰ ਗੁਰੂ ਹਰਿਗੋਬਿੰਦ ਸਾਹਿਬ ਲਈ ਚੰਦੂ ਦੀ ਲੜਕੀ ਦਾ ਰਿਸ਼ਤਾ ਲੈਣ ਤੋਂ ਸਾਫ ਇਨਕਾਰ ਕਰ ਦਿੱਤਾ ਸੀ।

ਗੁਰੂ ਸਾਹਿਬ ਜੀ ਨੂੰ ਲਾਹੌਰ ਪੇਸ਼ ਕਰਨ ਲਈ ਜਹਾਂਗੀਰ ਨੇ ਮੁਤਰਜਾ ਖਾਂਨ ਨੂੰ ਕਿਹਾ ਕਿ ਗੁਰੂ ਅਰਜਨ ਦੇਵ ਜੀ ਦਾ ਮਾਲ ਅਸਬਾਬ ਜਬਤ ਕਰ ਲਿਆ ਜਾਵੇ ਅਤੇ ਉਹਨਾਂ ਨੂੰ ਜਹਾਂਗੀਰ ਦੇ ਸਾਹਮਣੇ ਪੇਸ਼ ਕੀਤਾ ਜਾਵੇ, ਤਾਂ ਜਹਾਂਗੀਰ ਨੇ ਗੁਰੂ ਸਾਹਿਬ ਨੂੰ ***ਗੁਰੂ ਗ੍ਰੰਥ ਸਾਹਿਬ ਜੀ*** ਵਿਚ ਹਜ਼ਰਤ ਮੁਹੰਮਦ ਦੀ ਖੁਸ਼ਾਮਦ ਦੇ ਸ਼ਬਦ ਦਰਜ ਕਰਨ ਲਈ ਕਿਹਾ, ਜਿਸ ਤੇ ਗੁਰੂ ਸਾਹਿਬ ਜੀ ਨੇ ਸਾਫ ਇਨਕਾਰ ਕਰਦਿਆਂ ਹੋਇਆਂ ਸ਼ਹੀਦ ਹੋਣਾ ਪ੍ਰਵਾਨ ਕਰ ਲਿਆ, ਗੁਰੂ ਸਾਹਿਬ ਜੀ ਨੂੰ ਸ਼ਹੀਦ ਕਰਨ ਦਾ ਕੰਮ ਦੁਸ਼ਟ ਚੰਦੂ ਦੇ ਜਿੰਮੇ ਲਾਇਆ ਗਿਆ, ਤਾਂ ਕਿ ਉਹ ਆਪਣੀ ਬਦਲੇ ਵਾਲੀ ਪੁਰਾਣੀ ਕਿੜ ਕੱਢ ਸਕੇ, ਜਿਸਨੇ ਗੁਰੂ ਸਾਹਿਬ ਜੀ ਦੇ ਪਵਿੱਤਰ ਸੀਸ ਤੇ ਤੱਤੀ ਰੇਤਾ ਪਾਉਣ ਦਾ ਭਿਆਨਕ ਕਾਰਾ ਕਰਨ ਤੋਂ ਬਾਅਦ ਗੁਰੂ ਸਾਹਿਬ ਜੀ ਨੂੰ ਉਬਲਦੀ ਦੇਗ ਵਿਚ ਪਾਇਆ, ਪਰ ਗੁਰੂ ਸਾਹਿਬ ਜੀ ਨੇ ***“ਤੇਰੇ ਭਾਣੇ ਵਿਚ ਅੰਮ੍ਰਿਤ ਵਸੈ”*** ਦੀ ਧੁੰਨੀ ਜਾਰੀ ਰੱਖੀ ਅਤੇ ਆਪਣੇ ਧਰਮ ਤੇ ਅਡੋਲ ਰਹੇ ਅਤੇ ਪੁਰਖੁ ਪ੍ਰਮਾਣ ਹੋਣ ਦਾ ਸਬੂਤ ਦਿੱਤਾ, ਅੰਤ 30 ਮਈ ਸੰਨ 1606 ਈ. ਨੂੰ ਛੇਵੇਂ ਦਿਨ ਗੁਰੂ ਸਾਹਿਬ ਜੀ ਦੇ ਪਾਵਨ ਸਰੀਰ ਨੂੰ ਰਾਵੀ ਦਰਿਆ ਦੇ ਕੰਢੇ ਤੇ ਲਿਜਾ ਕੇ ਰਾਵੀ ਵਿਚ ਵਹਾ ਦਿੱਤਾ ਗਿਆ, ਅੱਜ ਕੱਲ ਉਹ ਜਗ੍ਹਾ ਗੁਰਦੁਆਰਾ ਡੇਹਰਾ ਸਾਹਿਬ ਦੇ ਨਾਂਮ ਨਾਲ ਜਾਣਿਆਂ ਜਾਂਦਾ ਹੈ ਜੋ ਕਿ ਲਾਹੌਰ ਵਿਚ ਹੈ।